# ਇਮੀਗ੍ਰੇਸ਼ਨ (ਆਵਾਸ) ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ

## Frequently asked questions about immigration

*ਇਹ ਜਾਣਕਾਰੀ ਇੰਗਲੈਂਡ, ਵੇਅਲਜ਼, ਸਕੌਟਲੈਂਡ ਤੇ ਨੌਰਦਰਨ ਆਇਅਰਲੈਂਡ ਨੂੰ ਲਾਗੂ ਹੈ*

ਮੈਂ ਇੱਕ ਬ੍ਰਿਟਿਸ਼ ਨਾਗਰਿਕ ਹਾਂ ਅਤੇ ਮੈਂ ਆਪਣੀ ਲੜਕੀ ਦੋਸਤ ਨਾਲ ਵਿਆਹ ਕਰਾਉਣਾ ਚਾਹੁੰਦਾ ਹਾਂ ਜੋ ਬਾਹਰਲੇ ਮੁਲਕ ਤੋਂ ਹੈ ਅਤੇ ਜੋ ਯੂ ਕੇ ਵਿਚ ਇੱਕ ਵਿਦਿਆਰਥੀ ਦੇ ਵੀਜ਼ੇ ਤੇ ਆਈ ਹੈ। ਕੀ ਇਸ ਮੁਲਕ ਵਿਚ ਉਸਦੀ ਹੈਸੀਅਤ ਬਾਰੇ ਸਾਨੂੰ ਕੁਝ ਖ਼ਾਸ ਕਰਨਾ ਪਵੇਗਾ? 2

ਮੈਂ ਯੂ ਕੇ ਵਿਚ ਇੱਕ ਵੀਜ਼ੀਟਰ ਦੇ ਵੀਜ਼ੇ ਤੇ ਆਇਆ ਹਾਂ ਅਤੇ ਡਿਗਰੀ ਕਰਨ ਲਈ ਇੱਥੇ ਰਹਿਣਾ ਚਾਹੁੰਦਾ ਹਾਂ। ਕੀ ਮੈਨੂੰ ਇਸ ਤਰ੍ਹਾਂ ਕਰਨ ਲਈ ਇਜਾਜ਼ਤ ਦਿੱਤੀ ਜਾਵੇਗੀ? 3

ਮੇਰੇ ਮਾਤਾ ਜੀ ਯੂ ਕੇ ਦੇ ਨਾਗਰਿਕ ਨਹੀਂ ਹਨ ਅਤੇ ਦੂਸਰੇ ਮੁਲਕ ਵਿਚ ਰਹਿੰਦੇ ਹਨ। ਉਹ ਇੱਕਲੇ ਰਹਿੰਦੇ ਹਨ ਅਤੇ ਹੁਣ ਕਾਫੀ ਕਮਜ਼ੋਰ ਅਤੇ ਬਜ਼ੁਰਗ ਹੋ ਗਏ ਹਨ। ਮੈਂ ਬਹੁਤ ਸਾਲਾਂ ਤੱਕ ਉਹਨਾਂ ਦੀ ਸਹਾਇਤਾ ਕੀਤੀ ਹੈ। ਕੀ ਮੈਂ ਉਹਨਾਂ ਨੂੰ ਇੱਥੇ ਯੂ ਕੇ ਵਿਚ ਆਪਣੇ ਨਾਲ ਰਹਿਣ ਲਈ ਲਿਆ ਸਕਦਾ-/ਸਕਦੀ ਹਾਂ? 3

ਮੇਰੇ ਅੰਕਲ ਇੱਕ ਇਹੋ ਜਿਹੇ ਮੁਲਕ ਵਿਚ ਰਹਿੰਦੇ ਹਨ ਜਿੱਥੇ ਸਿਆਸੀ ਤੌਰ ਤੇ ਹਾਲਤ ਬਹੁਤ ਅਸ਼ਾਂਤ ਅਤੇ ਹਿੰਸਾ ਵਾਲੇ ਹਨ। ਉਹ ਕਹਿੰਦੇ ਹਨ ਕਿ ਉਹ ਆਪਣੇ ਹੀ ਘਰੋਂ ਬਾਹਰ ਨਿਕਲਣ ਤੋ ਡਰਦੇ ਹਨ ਅਤੇ ਉਹ ਸੋਚਦੇ ਹਨ ਕਿ ਜਦ ਤੱਕ ਉਥੇ ਦੇ ਹਾਲਾਤ ਸੁਧਰ ਨਹੀਂ ਜਾਂਦੇ, ਕੀ ਉਹ ਥੋੜੀ ਦੇਰ ਲਈ ਯੂ ਕੇ ਆ ਸਕਦੇ ਹਨ। 4

Copyright © 2002-2006 Citizens Advice All rights reserved
Registered charity no: 279057 Company no: 1436945 England

## ਮੈਂ ਇੱਕ ਬ੍ਰਿਟਿਸ਼ ਨਾਗਰਿਕ ਹਾਂ ਅਤੇ ਮੈਂ ਆਪਣੀ ਲੜਕੀ ਦੋਸਤ ਨਾਲ ਵਿਆਹ ਕਰਾਉਣਾ ਚਾਹੁੰਦਾ ਹਾਂ ਜੋ ਬਾਹਰਲੇ ਮੁਲਕ ਤੋਂ ਹੈ ਅਤੇ ਜੋ ਯੂ ਕੇ ਵਿਚ ਇੱਕ ਵਿਦਿਆਰਥੀ ਦੇ ਵੀਜ਼ੇ ਤੇ ਆਈ ਹੈ। ਕੀ ਇਸ ਮੁਲਕ ਵਿਚ ਉਸਦੀ ਹੈਸੀਅਤ ਬਾਰੇ ਸਾਨੂੰ ਕੁਝ ਖ਼ਾਸ ਕਰਨਾ ਪਵੇਗਾ ?

ਸ਼ਾਦੀ ਕਰਨੇ ਤੋਂ ਪਹਿਲਾਂ, ਤੁਹਾਨੂੰ ਕਿਸੇ ਨਿਯੁਕਤ ਕੀਤੇ ਹੋਏ ਰੈਜਿਸਟਰ ਔਫ਼ਿਸ ਵਿਚ ਸ਼ਾਦੀ ਕਰਨ ਲਈ ਜਾਂ ਤੁਹਾਡੀ ਸਿਵਿਲ ਪਾਰਟਨਰਸ਼ਿੱਪ ਨੂੰ ਰੈਜਿਸਟਰ ਕਰਾਉਂਣ ਲਈ ਨੋਟਿਸ ਜਾਂ ਸੂਚਨਾ ਦੇਣੀ ਪਵੇਗੀ। ਸਕੌਟਲੈਂਡ ਅਤੇ ਨੌਰਧਰਨ ਆਇਅਰਲੈਂਡ ਵਿਚ ਸਭ ਔਫ਼ਿਸਿਜ਼ ਨਿਯੁਕਤ ਕੀਤੇ ਹੋਏ ਔਫ਼ਿਸਿਜ਼ ਹਨ ਅਤੇ ਇੰਗਲੈਂਡ ਅਤੇ ਵੇਲਜ਼ ਵਿਚ 76 ਨਿਯੁਕਤ ਕੀਤੇ ਹੋਏ ਔਫ਼ਿਸਿਜ਼ ਹਨ। ਵਧੇਰੇ ਜਾਣਕਾਰੀ ਅਤੇ ਇੰਗਲੈਂਡ ਅਤੇ ਵੇਲਜ਼ ਦੇ ਨਿਯੁਕਤ ਕੀਤੇ ਹੋਏ ਰੈਜਿਸਟਰ ਔਫ਼ਿਸਿਜ਼ ਦੀ ਲਿਸਟ ਹਾਸਲ ਕਰਨ ਲਈ ਜੈਨਰਲ ਰੈਜਿਸਟਰ ਔਫ਼ਿਸ ਨਾਲ ਸੰਪਰਕ ਕਰੋ।

ਇੰਗਲੈਂਡ ਅਤੇ ਵੇਲਜ਼ ਵਿਚ ਤੁਹਾਨੂੰ ਲਾਜ਼ਮੀ ਹੀ ਇੱਕਠਿਆਂ ਨੂੰ ਰੈਜਿਸਟਰ ਔਫ਼ਿਸ ਵਿਚ ਜਾਣਾ ਪਵੇਗਾ। ਸਕੌਟਲੈਂਡ ਅਤੇ ਨੌਰਧਰਨ ਆਇਅਰਲੈਂਡ ਵਿਚ ਤੁਸੀਂ ਡਾਕ ਰਾਹੀਂ ਰੈਜਿਸਟਰ ਹੋ ਸਕਦੇ ਹੋ – ਤੁਹਾਨੂੰ ਖ਼ੁੱਦ ਆਪ ਨੂੰ ਨਹੀਂ ਜਾਣਾ ਪਵੇਗਾ।

ਜਦੋਂ ਤੁਸੀਂ ਸ਼ਾਦੀ ਕਰਾਉਂਣ ਦਾ ਨੋਟਿਸ ਦਿੰਦੇ ਹੋ ਜਾਂ ਆਪਣੀ ਸਿਵਿਲ ਪਾਰਟਨਰਸ਼ਿੱਪ ਨੂੰ ਰੈਜਿਸਟਰ ਕਰਾਉਂਦੇ ਹੋ ਤੁਹਾਨੂੰ ਆਪਣੇ ਬਾਰੇ ਇਹ ਸਬੂਤ ਜ਼ਰੂਰੀ ਹੀ ਲਿਆਉਂਣੇ ਪੈਣਗੇ:

- ਨਾਮ
- ਪਤਾ (ਸਿਰਨਾਵਾਂ)
- ਉਮਰ
- ਕੌਮੀਅਤ

ਜੇ ਤੁਸੀਂ ਪਹਿਲਾਂ ਹੀ ਸ਼ਾਦੀ ਕਰ ਚੁੱਕੇ ਹੋ ਜਾਂ ਰੈਜਿਸਟਰ ਹੋਏ ਹੋਏ ਹੋ ਤਾਂ ਤੁਹਾਨੂੰ ਇਹ ਸਬੂਤ ਦਿਖਾਉਂਣਾ ਪਵੇਗਾ ਕਿ ਹੁਣ ਤੁਸੀਂ ਸ਼ਾਦੀ ਕਰਨ ਲਈ ਜਾਂ ਸਿਵਿਲ ਪਾਰਟਨਰਸ਼ਿੱਪ ਰੈਜਿਸਟਰ ਕਰਾਉਂਣ ਲਈ ਫ਼ਰੀ ਜਾਂ ਆਜ਼ਾਦ ਹੋ ਅਤੇ ਅਤੇ ਰੈਜਿਸਟਰਾਰ ਨੂੰ ਸਰਟੀਫ਼ੀਕੇਟ ਦੀ ਰਜ਼ਾਮੰਦੀ ਦਾ ਸਬੂਤ ਦੇਣਾ ਪਵੇਗਾ।

Copyright © 2002-2006 Citizens Advice All rights reserved
Registered charity no: 279057 Company no: 1436945 England

ਜੇ ਤੁਸੀਂ ਸਕੌਟਲੈਂਡ ਅਤੇ ਨੌਰਧਰਨ ਆਇਅਰਲੈਂਡ ਵਿਚ ਡਾਕ ਰਾਹੀਂ ਰੈਜਿਸਟਰ ਹੋ ਜਾਂਦੇ ਹੋ ਤਾਂ ਤੁਹਾਨੂੰ ਤੁਹਾਡੇ ਪਾਸਪੋਰਟ ਵਿਚ ਮੌਜੂਦ ਸਟਿਕਰ (sticker) ਦੀ ਫ਼ੋਟੋਕੌਪੀ ਕਰਨੀ ਪਵੇਗੀ ਅਤੇ ਇਸ ਸਟਿਕਰ ਦੀ ਫ਼ੋਟੋਕੌਪੀ ਦੇ ਨਾਲ ਨਾਲ ਸ਼ਾਦੀ ਅਤੇ ਸਿਵਿਲ ਪਾਰਟਨਰਸ਼ਿੱਪ ਦੇ ਨੋਟਿਸ ਦੇ ਕਾਗਜ਼ ਪੱਤਰ ਰੈਜਿਸਟਰ ਔਫ਼ਿਸ ਨੂੰ ਭੇਜਣੇ ਪੈਣਗੇ।

ਜਦੋਂ ਤੁਸੀਂ ਸ਼ਾਦੀ ਕਰਨ ਲਈ ਜਾਂ ਸਿਵਿਲ ਪਾਰਟਨਰਸ਼ਿੱਪ ਨੂੰ ਰੈਜਿਸਟਰ ਕਰਾਉਂਣ ਲਈ ਨੋਟਿਸ ਦੇ ਦਿੰਦੇ ਹੋ ਤਾਂ ਸ਼ਾਦੀ ਕਰਨ ਤੋਂ ਜਾਂ ਸਿਵਿਲ ਪਾਰਟਨਰਸ਼ਿੱਪ ਰੈਜਿਸਟਰ ਕਰਾਉਂਣ ਤੋਂ ਪਹਿਲਾਂ ਇੰਗਲੈਂਡ ਅਤੇ ਵੇਲਜ਼ ਵਿਚ ਤੁਹਾਨੂੰ 15 ਦਿਨਾਂ ਦੀ ਉਡੀਕ ਕਰਨੀ ਪਵੇਗੀ ਅਤੇ ਸਕੌਟਲੈਂਡ ਅਤੇ ਨੌਰਧਰਨ ਆਇਅਰਲੈਂਡ ਵਿਚ ਤੁਹਾਨੂੰ ਲਾਜ਼ਮੀ ਹੀ 14 ਦਿਨਾਂ ਦੀ ਉਡੀਕ ਕਰਨੀ ਪਵੇਗੀ। ਫਿਰ ਤੁਸੀਂ ਕਿਸੇ ਵੀ ਰੈਜਿਸਟਰ ਔਫ਼ਿਸ ਵਿਚ ਜਾਂ ਮਨਜ਼ੂਰ ਕੀਤੀ ਗਈ ਜਗ੍ਹਾ ਤੇ ਸ਼ਾਦੀ ਜਾਂ ਸਿਵਿਲ ਪਾਰਟਨਰਸ਼ਿੱਪ ਕਰਾ ਸਕਦੇ ਹੋ।

ਇੱਕ ਵਾਰੀ ਜਦੋਂ ਸ਼ਾਦੀ ਹੋ ਗਈ ਹੈ ਤਾਂ ਤੁਹਾਡੀ ਨਵੀਂ ਪਤਨੀ ਨੂੰ ਲਾਜ਼ਮੀ ਹੀ ਯੂ ਕੇ ਵਿਚ ਇੱਕ ਪਤਨੀ ਦੇ ਤੌਰ ਤੇ ਰਹਿਣੇ ਦੀ ਇਜਾਜ਼ਤ ਲੈਣ ਲਈ ਬੌਰਡਰ ਐਂਡ ਇੰਮੀਗ੍ਰੇਸ਼ਨ ਏਜੰਸੀ (BIA) ਦੇ ਫ਼ੌਰਮ ਲਈ ਅਰਜ਼ੀ ਦੇਣੀ ਪਵੇਗੀ। ਇੰਮੀਗ੍ਰੇਸ਼ਨ ਦੀਆਂ ਅਥੌਰਿਟੀਜ਼ ਨੂੰ ਸੰਤੁਸ਼ਟ ਕਰਨ ਲਈ ਕਿ ਇਹ ਸ਼ਾਦੀ ਸੱਚੀ ਹੈ ਅਤੇ ਉਸਨੂੰ ਇੱਥੇ ਰਹਿਣੇ ਦੀ ਇਜਾਜ਼ਤ ਦਿੱਤੀ ਜਾਵੇ, ਉਸ ਨੂੰ ਉਹਨਾਂ ਦੀਆਂ ਕਾਫ਼ੀ ਸਖ਼ਤ ਮੰਗਾਂ ਪੂਰੀਆਂ ਕਰਨੀਆਂ ਪੈਣਗੀਆਂ । ਉਸਨੂੰ ਇਹ ਵੀ ਦਿਖਾਉਂਣਾ ਪਵੇਗਾ ਕਿ ਜਦੋਂ ਉਹ ਇੱਕ ਵਿਦਿਆਰਥੀ ਦੇ ਤੌਰ ਤੇ ਇਸ ਮੁਲਕ ਵਿਚ ਆਈ ਸੀ ਤਾਂ ਉਸ ਦਾ ਇਰਾਦਾ ਅਥੌਰਿਟੀਜ਼ ਨੂੰ ਧੋਖਾ ਦੇਣ ਦਾ ਨਹੀਂ ਸੀ ਅਤੇ ਇੱਕ ਵਾਰੀ ਜਦੋਂ ਤੁਹਾਡੀ ਸ਼ਾਦੀ ਹੋ ਜਾਵੇਗੀ ਤਾਂ ਤੁਸੀਂ ਸਰਕਾਰ ਦੀ ਮੱਦਦ ਤੋਂ ਬਿਨਾਂ ਹੀ ਇੱਕ ਜੋੜੇ ਦੇ ਤੌਰ ਤੇ ਖ਼ੁੱਦ ਆਪਣੀ ਮੱਦਦ ਕਰ ਸਕਦੇ ਹੋ। ਪਹਿਲਾਂ ਪਹਿਲਾਂ ਉਸਨੂੰ ਤੁਹਾਡੀ ਪਤਨੀ ਦੇ ਤੌਰ ਤੇ ਇੱਥੇ ਦੋ ਸਾਲ ਤੱਕ ਰਹਿਣੇ ਦੀ ਇਜਾਜ਼ਤ ਦਿੱਤੀ ਜਾਵੇਗੀ। ਦੋ ਸਾਲ ਦਾ ਵਕਤ ਖ਼ਤਮ ਹੋਣ ਤੋਂ ਪਹਿਲਾਂ ਉਹ ਪੱਕੇ ਤੌਰ ਤੇ ਇੱਥੇ ਰਹਿਣੇ ਲਈ ਅਰਜ਼ੀ ਦੇ ਸਕਦੀ ਹੈ।

## ਮੈਂ ਯੂ ਕੇ ਵਿਚ ਇੱਕ ਵੀਜ਼ੀਟਰ ਦੇ ਵੀਜ਼ੇ ਤੇ ਆਇਆ ਹਾਂ ਅਤੇ ਡਿਗਰੀ ਕਰਨ ਲਈ ਇੱਥੇ ਰਹਿਣਾ ਚਾਹੁੰਦਾ ਹਾਂ। ਕੀ ਮੈਨੂੰ ਇਸ ਤਰ੍ਹਾਂ ਕਰਨ ਲਈ ਇਜਾਜ਼ਤ ਦਿੱਤੀ ਜਾਵੇਗੀ ?

ਜਦੋਂ ਤੁਸੀਂ ਯੂ ਕੇ ਵਿੱਚ ਆਏ ਸੀ ਤਾਂ ਤੁਹਾਨੂੰ ਇੱਥੇ ਆਉਣ ਦੀ ਰਾਹਦਾਰੀ ਤਾਂ ਹੀ ਦਿੱਤੀ ਗਈ ਸੀ ਕਿ ਜਦੋਂ ਤੁਹਾਡਾ ਵੀਜ਼ਾ ਖਤਮ ਹੋ ਜਾਵੇਗਾ ਤਾਂ ਤੁਸੀਂ ਯੂ. ਕੇ. ਛੱਡ ਕੇ ਵਾਪਸ ਚਲੇ

Copyright © 2002-2006 Citizens Advice All rights reserved
Registered charity no: 279057 Company no: 1436945 England

ਜਾਵੋਗੇ। ਇਮੀਗਰੇਸ਼ਨ ਦੇ ਨਿਯਮਾਂ ਦੇ ਅਨੁਸਾਰ ਤੁਹਾਨੂੰ ਪੜ੍ਹਨ ਲਈ ਇੱਥੇ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜੇ ਤੁਸੀਂ ਵਿਦਿਆਰਥੀ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਯੂ ਕੇ ਛੱਡ ਕੇ ਜਾਣਾ ਪਵੇਗਾ ਅਤੇ ਫਿਰ ਵਿਦਿਆਰਥੀ ਬਣ ਕੇ ਕੋਈ ਅਗਲੀ ਤਰੀਕ ਨੂੰ ਵਾਪਸ ਆਉਣ ਲਈ ਅਰਜ਼ੀ ਦੇਣੀ ਪਵੇਗੀ। ਜੇ ਤੁਸੀਂ ਆਪਣੇ ਵੀਜ਼ੇ ਦੀ ਤਰੀਕ ਤੋਂ ਬਾਅਦ ਤੱਕ ਵੀ ਯੂ ਕੇ ਵਿੱਚ ਰਹਿ ਰਹੇ ਹੋ ਤਾਂ ਤੁਸੀਂ ਰਾਹਦਾਰੀ ਦੇ ਨਿਯਮਾਂ ਦੀ ਉਲੰਘਣਾ ਕਰ ਰਹੇ ਹੋ। ਇਹ ਇੱਕ ਗੰਭੀਰ ਅਪਰਾਧ ਹੈ ਅਤੇ ਇਸ ਲਈ ਤੁਹਾਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਅਤੇ ਤੁਹਾਨੂੰ ਤੁਹਾਡੇ ਦੇਸ਼ ਵਾਪਸ ਭੇਜਿਆ ਜਾ ਸਕਦਾ ਹੈ।

## ਮੇਰੇ ਮਾਤਾ ਜੀ ਯੂ ਕੇ ਦੇ ਨਾਗਰਿਕ ਨਹੀਂ ਹਨ ਅਤੇ ਦੂਸਰੇ ਮੁਲਕ ਵਿਚ ਰਹਿੰਦੇ ਹਨ। ਉਹ ਇੱਕਲੇ ਰਹਿੰਦੇ ਹਨ ਅਤੇ ਹੁਣ ਕਾਫੀ ਕਮਜ਼ੋਰ ਅਤੇ ਬਜ਼ੁਰਗ ਹੋ ਗਏ ਹਨ। ਮੈਂ ਬਹੁਤ ਸਾਲਾਂ ਤੱਕ ਉਹਨਾਂ ਦੀ ਸਹਾਇਤਾ ਕੀਤੀ ਹੈ। ਕੀ ਮੈਂ ਉਹਨਾਂ ਨੂੰ ਇੱਥੇ ਯੂ ਕੇ ਵਿਚ ਆਪਣੇ ਨਾਲ ਰਹਿਣ ਲਈ ਲਿਆ ਸਕਦਾ-/ਸਕਦੀ ਹਾਂ ?

ਤੁਸੀਂ ਆਪਣੇ ਮਾਤਾ ਜੀ ਨੂੰ ਯੂ ਕੇ ਵਿੱਚ ਲਿਆ ਸਕਦੇ ਹੋ ਪਰ ਬਹੁਤ ਸਾਰੇ ਹਾਲਾਤਾਂ ਵਿਚ, ਇਸ ਦੀ ਪੂਰਤੀ ਲਈ ਤੁਹਾਨੂੰ ਅਤੇ ਤੁਹਾਡੀ ਮਾਤਾ ਜੀ ਨੂੰ ਕਾਫੀ ਕਠਨ ਹਾਲਤਾਂ ਦਾ ਸਾਹਮਣਾ ਕਰਨਾ ਪਵੇਗਾ। ਸਭ ਤੋਂ ਜ਼ਰੂਰੀ ਇਹ ਹੈ ਕਿ ਤੁਹਾਨੂੰ ਆਪ ਨੂੰ ਇੱਥੇ ਹਮੇਸ਼ਾਂ ਰਹਿਣ ਦਾ ਹੱਕ ਹੋਵੇ ਅਤੇ ਤੁਹਾਡੀ ਮਾਤਾ ਜੀ ਮਾਲੀ ਤੌਰ ਤੇ ਬਿਲਕੁਲ ਤੁਹਾਡੇ ਤੇ ਹੀ ਨਿਰਭਰ ਹੋਣੇ ਚਾਹੀਦੇ ਹਨ ਅਤੇ ਉਹਨਾਂ ਦਾ ਆਪਣੇ ਮੁਲਕ ਵਿਚ ਕੋਈ ਵੀ ਨਜ਼ਦੀਕੀ ਰਿਸ਼ਤੇਦਾਰ ਨਹੀਂ ਹੈ, ਜਿਹਨਾਂ ਕੋਲ ਉਹ ਰਹਿ ਸਕਦੇ ਹੋਣ।

## ਮੇਰੇ ਅੰਕਲ ਇੱਕ ਇਹੋ ਜਿਹੇ ਮੁਲਕ ਵਿਚ ਰਹਿੰਦੇ ਹਨ ਜਿੱਥੇ ਸਿਆਸੀ ਤੌਰ ਤੇ ਹਾਲਤ ਬਹੁਤ ਅਸ਼ਾਂਤ ਅਤੇ ਹਿੰਸਾ ਵਾਲੇ ਹਨ। ਉਹ ਕਹਿੰਦੇ ਹਨ ਕਿ ਉਹ ਆਪਣੇ ਹੀ ਘਰੋਂ ਬਾਹਰ ਨਿਕਲਣ ਤੋ ਡਰਦੇ ਹਨ ਅਤੇ ਉਹ ਸੋਚਦੇ ਹਨ ਕਿ ਜਦ ਤੱਕ ਉਥੇ ਦੇ ਹਾਲਾਤ ਸੁਧਰ ਨਹੀਂ ਜਾਂਦੇ, ਕੀ ਉਹ ਥੋੜੀ ਦੇਰ ਲਈ ਯੂ ਕੇ ਆ ਸਕਦੇ ਹਨ।

Copyright © 2002-2006 Citizens Advice All rights reserved
Registered charity no: 279057 Company no: 1436945 England

ਯੂ.ਕੇ. ਨੇ ਸ਼ਰਨਾਰਥੀਆਂ ਲਈ ਯੂਨਾਈਟਿੱਡ ਨੇਸ਼ਨਜ਼ ਕੌਨਵੈਨਸ਼ਨ ਲਈ ਦਸਤਖ਼ਤ ਕੀਤੇ ਹਨ, ਜਿਸ ਦਾ ਮਤਲਬ ਹੈ ਕਿ ਇਹ ਉਹ ਲੋਕਾਂ ਨੂੰ ਆਸਰਾ ਦੇਣ ਲਈ ਬਚਨਬੱਧ ਹੈ, ਜਿਨ੍ਹਾਂ ਨੂੰ ਉਹਨਾਂ ਦੇ ਆਪਣੇ ਮੁਲਕਾਂ ਵਿੱਚ ਗ੍ਰਿਫ਼ਤਾਰੀ ਦਾ ਡਰ ਹੈ। ਆਸਰਾ ਲੈਣ ਲਈ ਅਰਜ਼ੀ ਦੇਣ ਲਈ ਕਾਨੂੰਨੀ ਕਾਰਵਾਈ ਬਹੁਤ ਹੀ ਗੁੰਝਲਦਾਰ ਹੈ ਅਤੇ ਇਸ ਬਾਰੇ ਹੋਰ ਜਾਣਕਾਰੀ ਲਈ ਕਿ ਇਸ ਵਕਤ ਤੁਹਾਡਾ ਅੰਕਲ ਆਸਰਾ ਲੈਣ ਦੇ ਯੋਗ ਹੈ, ਤੁਹਾਨੂੰ ਕਿਸੇ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ। ਆਸਰੇ ਲਈ ਅਰਜ਼ੀਆਂ ਸਿਰਫ ਬਹੁਤ ਥੋੜੀਆਂ ਹੀ ਕਾਮਯਾਬ ਹੁੰਦੀਆਂ ਹਨ, ਸੋ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਹ ਦੇਖੋ ਕਿ ਜੇ ਤੁਹਾਡਾ ਅੰਕਲ ਇਸ ਮੁਲਕ ਵਿੱਚ ਕਿਸੇ ਹੋਰ ਹੈਸੀਅਤ ਰਾਹੀਂ ਆ ਸਕਦਾ ਹੋਵੇ। ਹੋ ਸਕਦਾ ਹੈ ਕਿ ਯੂ. ਕੇ ਵਿਚ ਉਸਦੇ ਪਰਵਾਰਕ ਸੰਬੰਧ ਹੋਣ, ਜਿਸ ਕਾਰਨ ਉਸ ਨੂੰ ਇੱਥੇ ਰਹਿਣ ਲਈ ਹੱਕ ਮਿਲ ਸਕੇ, ਜਿੰਨੀ ਦੇਰ ਤੱਕ ਉਸ ਦੇ ਆਪਣੇ ਮੁਲਕ ਦੇ ਹਾਲਾਤ ਸ਼ਾਂਤ ਨਹੀਂ ਹਨ।

ਅੰਗ੍ਰੇਜ਼ੀ ਤੋਂ ਇਲਾਵਾ ਜੇ ਕਿਸੇ ਹੋਰ ਭਾਸ਼ਾ ਵਿਚ ਅਸਾਈਲਮ ਲਈ ਅਰਜ਼ੀ ਦੇਣ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਰੈਫ਼ਿਊਜੀ ਕਾਉਂਸਲ ਦੇ ਇਸ ਵੈਬਸਾਈਟ ਤੇ ਦੇਖੋ: www://languages.refugeecouncil.org.uk/.

Copyright © 2002-2006 Citizens Advice All rights reserved
Registered charity no: 279057 Company no: 1436945 England